Transport for NSW

# ਸੜਕ ਸੁਰੱਖਿਆ




## 40 ਕਿ.ਮੀ./ਘੰਟਾ ਸਕੂਲ ਜ਼ੋਨ

40 ਕਿ.ਮੀ./ਘੰਟਾ ਸਕੂਲ ਜ਼ੋਨ ਸਕੂਲਾਂ ਦੇ ਆਲੇ-ਦੁਆਲੇ ਦੀਆਂ ਸੜਕਾਂ 'ਤੇ ਆਵਾਜਾਈ ਨੂੰ ਹੌਲੀ ਕਰਦੇ ਹਨ। ਇਹ ਉਹਨਾਂ ਸਥਾਨਾਂ ਅਤੇ ਸਮਿਆਂ ਬੱਚਿਆਂ ਦੀ ਸੁਰੱਖਿਆ ਨੂੰ ਬਣਾਈ ਰੱਖਣ ਲਈ ਹਨ ਜਿੱਥੇ ਉਹ ਅਕਸਰ ਵੱਡੀ ਗਿਣਤੀ ਵਿੱਚ ਸਕੂਲ ਆਉਣ ਅਤੇ ਜਾਣ ਸਮੇਂ ਹੁੰਦੇ ਹਨ। ਘੱਟ ਗਤੀ ਸੀਮਾ ਹਾਦਸੇ ਹੋਣ ਦੇ ਖ਼ਤਰੇ ਅਤੇ ਸੰਭਾਵੀ ਗੰਭੀਰਤਾ ਨੂੰ ਘਟਾਉਂਦੀ ਹੈ।

40 ਕਿ.ਮੀ./ਘੰਟਾ ਸਕੂਲ ਜ਼ੋਨ ਸਵੇਰੇ 8.00 ਵਜੇ ਤੋਂ 9.30 ਵਜੇ ਤੱਕ ਅਤੇ ਦੁਪਹਿਰ 2.30 ਵਜੇ ਤੋਂ 4.00 ਵਜੇ ਤੱਕ ਲਾਗੂ ਹੁੰਦੇ ਹਨ। NSW ਵਿੱਚ ਕੁੱਝ ਗ਼ੈਰ-ਮਿਆਰੀ ਸਕੂਲ ਜ਼ੋਨ ਸਮੇਂ ਵੀ ਹਨ। ਨਿਰਧਾਰਿਤ ਸਕੂਲ ਜ਼ੋਨ ਗਤੀ ਸੀਮਾ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਕਿ ਸਕੂਲ ਦੇ ਬੱਚੇ ਨਜ਼ਰ ਨਾ ਆ ਰਹੇ ਹੋਣ।

40 ਕਿ.ਮੀ./ਘੰਟਾ ਸਕੂਲ ਜ਼ੋਨ ਸਾਰੇ ਸੂਚਿਤ ਸਕੂਲੀ ਦਿਨਾਂ 'ਤੇ ਲਾਗੂ ਹੁੰਦੇ ਹਨ, ਜਿਸ ਵਿੱਚ ਸਟਾਫ਼ ਵਿਕਾਸ ਦਿਨ (ਵਿਦਿਆਰਥੀ-ਮੁਕਤ ਦਿਨ) ਵੀ ਸ਼ਾਮਿਲ ਹਨ। ਭਾਵੇਂ ਕਿ ਕੁੱਝ ਸਕੂਲ ਵੱਖਰੀਆਂ ਮਿਤੀਆਂ 'ਤੇ ਚੱਲਦੇ ਹਨ, ਪਰ NSW ਸਰਕਾਰ ਦੁਆਰਾ ਨਿਰਧਾਰਿਤ ਸਕੂਲ ਸਮੇਂ ਦੌਰਾਨ ਸਕੂਲ ਜ਼ੋਨ ਦੀ ਗਤੀ ਸੀਮਾ ਦਾ ਪਾਲਣ ਕਰਨਾ ਲਾਜ਼ਮੀ ਹੈ।

ਤੁਸੀਂ ਹੇਠਾਂ ਦਿੱਤੀਆਂ ਵੈੱਬਸਾਈਟਾਂ 'ਤੇ ਸਕੂਲ ਟਰਮ ਦੀਆਂ ਤਾਰੀਖਾਂ ਨੂੰ ਲੱਭ ਸਕਦੇ ਹੋ:

- transport.nsw.gov.au/roadsafety
- education.nsw.gov.au

40 ਕਿ.ਮੀ./ਘੰਟਾ ਸਕੂਲ ਜ਼ੋਨਾਂ ਲਈ ਮੋਟਰਸਾਈਕਲ ਚਲਾਉਣ ਵਾਲਿਆਂ ਦੀ ਜਾਗਰੂਕਤਾ ਵਧਾਉਣ ਲਈ ਤਿਰਕੋਣੇ 'ਡਰੈਗਨ ਦੇ ਦੰਦ' ਵਾਲੇ ਸੜਕ ਦੇ ਨਿਸ਼ਾਨ ਲਗਾਏ ਜਾਂਦੇ ਹਨ, ਜੋ ਦੱਸਦੇ ਹਨ ਕਿ ਵਾਹਨ ਇੱਕ ਸਕੂਲ ਜ਼ੋਨ ਵਿੱਚ ਦਾਖ਼ਲ ਹੋ ਰਿਹਾ ਹੈ।

ਜੇਕਰ ਨਿਰਧਾਰਤ ਸਕੂਲ ਜ਼ੋਨ ਦੀ ਗਤੀ ਸੀਮਾ ਦਾ ਪਾਲਣ ਨਹੀਂ ਕੀਤਾ ਜਾਂਦਾ ਹੈ ਤਾਂ ਜੁਰਮਾਨੇ ਅਤੇ ਡੀਮੈਰਿਟ ਪੁਆਇੰਟਾਂ ਲਾਗੂ ਹੋਣਗੇ। ਜੁਰਮਾਨੇ ਅਤੇ ਡੀਮੈਰਿਟ ਪੁਆਇੰਟਾਂ ਬਾਰੇ ਹੋਰ ਜਾਣਕਾਰੀ ਲਈ **transport.nsw.gov.au** 'ਤੇ ਜਾਓ।

**ਬੱਚੇ ਤੁਹਾਡੇ ਤੋਂ ਸੜਕ 'ਤੇ ਸੁਰੱਖਿਅਤ ਰਹਿਣ ਦੀਆਂ ਆਦਤਾਂ ਸਿੱਖਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਵੀ ਜਾਰੀ ਰੱਖਦੇ ਹਨ ਜਦੋਂ ਉਹ ਇਕੱਲੇ ਸਫ਼ਰ ਕਰਨ ਦੀ ਉਮਰ ਦੇ ਹੋ ਜਾਂਦੇ ਹਨ।**

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** 'ਤੇ ਪਰਿਵਾਰ ਸੈਕਸ਼ਨ 'ਤੇ ਜਾਓ।

ਸਟਾਕ ਕੋਡ 45095297 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ 'ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO